ਪੰਜਾਬ ਸਰਕਾਰ
ਸਥਾਨਕ ਸਰਕਾਰ, ਵਿਭਾਗ
(ਲੇਖਾ ਸਾਖਾ)

ਸੇਵਾ ਵਿਖੇ

Accts Branch 21/1/13

DA 33 21/1/13

ਕਾਰਜ ਸਾਧਕ ਅਫਸਰ,
ਨਗਰ ਕੌਂਸਲ, ਬਟਾਲਾ।

ਨੰ:ਲੇਖਾ-6-ਉਕਵਲ-ਡਸਸ-12/1155
ਮਿਤੀ: 5-01-13

ਵਿਸ਼ਾ:- ਨਗਰ ਕੌਂਸਲ, ਬਟਾਲਾ ਦਾ ਬਜਟ ਸਾਲ 2012-13 ਸੰਬਧੀ ।

*********

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਉਕਤ ਸਥਾਨਕ ਸੰਸਥਾ ਦਾ ਬਜਟ ਅਨੁਮਾਨ ਸਾਲ 2012-13 ਇਸ ਵਿਭਾਗ ਵਿਖੇ ਪ੍ਰਵਾਨਗੀ ਲਈ ਪ੍ਰਾਪਤ ਹੋਇਆ ਹੈ। ਸਥਾਨਕ ਸੰਸਥਾਂ ਵਲੋਂ ਸਾਲ 2012-13 ਲਈ ਅਸਲ ਆਮਦਨ ਅਤੇ ਖਰਚਾ ਹੇਠ ਅਨੁਸਾਰ ਦਰਸਾਇਆ ਗਿਆ ਹੈ :-

ਬਜੱਟ ਐਸਟੀਮੇਟ (2012-13) (ਰਕਮ ਲੱਖਾਂ ਵਿੱਚ )

| ਆਮਦਣ | ਵਿਭਾਗ ਦੀ ਤਜਵੀਜ |
|---|---|
| ਮਿਤੀ 01/04/2012 ਨੂੰ ਮੁੱਢਲਾ ਬਕਾਇਆ | 60.27 |
| ਸਾਲ 2012-13 ਲਈ ਆਮਦਨ | 2374.23 |
| ਕੁਲ | **2434.50** |
| ਖਰਚਾ | |
| ੳ) ਅਮਲਾ<br>(I) ਕੇਵਲ ਮੌਜੂਦਾ ਪੋਸਟਾ ਲਈ :<br>(II) ਪੈਨਸ਼ਨ ਕੰਟਰੀਬਿਊਸ਼ਨ :<br>(III) ਰੀਟਾਇਰਮੈਂਟ ਬੈਨੀਫਿੱਟ :<br>(ਗਰੈਚੂਟੀ ਅਤੇ ਲੀਵ ਇਨਕੈਸ਼ਮੈਂਟ ) | 1952.83 |
| ਅ) ਕਟੀਜੰਸੀ | 53.40 |
| ੲ) ਵਿਕਾਸ ਦੇ ਕੰਮਾਂ ਲਈ<br>(I) ਕਮਿਟਿੱਡ :<br>(II) ਨਾਨ-ਕਮਿਟਿੱਡ : | 368.00 |
| ਕੁਲ | **2374.23** |
| ਮਿਤੀ 31/3/2013 ਲਈ ਅੰਤਿਮ ਬਕਾਇਆ | **60.27** |
| ਕੁਲ | **2434.50** |

ਉਕਤ ਦਰਸਾਈ ਆਮਦਨ ਅਤੇ ਖਰਚੇ ਦਾ ਵੇਰਵਾ :-

ਆਮਦਨ:- ਇਸ ਮੱਦ ਅਧੀਨ ਸਾਲ 2012-13 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ ਰੁਪਏ 2374.23 ਲੱਖ ਪ੍ਰਵਾਨ ਕੀਤੀ ਜਾਂਦੀ ਹੈ:-

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | 2 | 3 |
| 1 | ਹਾਊਸ ਟੈਕਸ | 270.00 |
| 2 | ਚੂੰਗੀ ਪੈਟਰੋਲ ਡੀਜਲ | 25.00 |
| 3 | ਵੈਟ | 1125.00 |
| 4 | ਬਿਜਲੀ ਤੇ ਚੂੰਗੀ | 130.00 |
| 5 | ਐਕਸਾਈਜ ਡਿਊਟੀ | 50.00 |
| 6 | ਅਡਵੇਰਟਾਈਜਮੇਂਟ | 10.00 |

| | | |
|---|---|---|
| 7 | ਲਾਈਸੈਂਸ ਫੀਸ | 10.00 |
| 8 | ਬਿਲਡਿੰਗ ਐਪਲੀਕੇਸ਼ਨ ਫੀਸ | 100.00 |
| 9 | ਫੁਟਕਲ | 33.30 |
| 10 | ਤਹਿਬਜਾਰੀ | 2.20 |
| 11 | ਰੈਂਟ | 12.15 |
| 12 | ਵਾਟਰ | 61.42 |
| 13 | ਸੀਵਰੇਜ | 45.16 |
| 14 | ਸੇਲ ਆਫ ਪ੍ਰਾਪਰਟੀ | 500.00 |
| | ਕੁਲ ਜੋੜ | **2374.23** |

ਖਰਚਾ:

ਅਮਲਾ: ਅਮਲਾ ਹੈਡ ਅਧੀਨ 1952.83 ਲੱਖ ਰੁਪਏ ਪ੍ਰਵਾਨ ਕੀਤੇ ਜਾਂਦੇ ਹਨ। ਲੰਬਿਤ ਦੇਣਦਾਰੀਆਂ ਪਹਿਲ ਦੇ ਆਧਾਰ ਤੇ ਅਦਾ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ। ਖਾਲੀ ਆਸਾਮੀਆਂ/ਨਵੀਆਂ ਆਸਾਮੀਆਂ ਦਾ ਖਰਚਾ ਸਾਮਿਲ ਨਹੀਂ ਕੀਤਾ ਗਿਆ ਹੈ। ਕੋਈ ਵੀ ਅਸਾਮੀ ਬਿਨਾਂ ਪੂਰਵ ਪ੍ਰਵਾਨਗੀ ਤੋ ਆਪਣੇ ਪੱਧਰ ਤੇ ਨਾ ਭਰੀ ਜਾਵੇ।

ਕੰਟੀਜੈਂਸੀ: ਇਸ ਮੱਦ ਅਧੀਨ ਸਾਲ 2012-13 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ ਰੁਪਏ 53.40 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | 2 | 3 |
| 1. | ਸਟੇਸਨਰੀ | 4.00 |
| 2. | ਬਿਜਲੀ ਦੇ ਬਿਲ | 7.50 |
| 3. | ਪੈਟਰੋਲ ਅਤੇ ਵਹੀਕਲ | 13.00 |
| 4 | ਓ ਐਂਡ ਐਮ | 8.00 |
| 5 | ਟੈਲੀਫੋਨ | 1.00 |
| 6 | ਐਡਵਰਟਾਇਜਮੈਂਟ | 2.00 |
| 7. | ਹੋਰ | 17.90 |
| | ਕੁਲ ਜੋੜ | **53.40** |

ਵਿਕਾਸ:- ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ ਰੁਪਏ 368.00 ਲੱਖ ਪ੍ਰਵਾਨ ਕੀਤਾ ਜਾਂਦਾ ਹੈ :-

| ਲੜੀ ਨੰ | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1 | 2 | 3 |
| 1. | ਗਲੀਆਂ ਦੀ ਰਿਪੇਅਰ | 15.00 |
| 2 | ਸੜਕਾ ਦੀ ਉਸਾਰੀ | 15.00 |
| 3. | ਬਿਜਲੀ ਦੇ ਬਿਲ (ਸਮੇਤ ਟਿਊਬਵੈੱਲ ਅਤੇ ਦਫਤਰੀ) | 79.00 |
| 4 | ਡਰੇਨਜ | 12.00 |
| 5 | ਸੈਨੀਟੇਸਨ | 50.00 |
| 6 | ਵਾਟਰ ਸਪਲਾਈ ਅਤੇ ਸੀਵਰੇਜ | 50.00 |
| 7 | ਅਦਰਜ | 12.00 |
| 8 | ਸਟਰੀਟ ਲਾਈਟ ਬਿਲ/ਰੱਖ ਰਖਾਵ | 87.00 |
| 9 | ਮਸੀਨਰੀ/ਵਹੀਕਲ ਦੀ ਖਰੀਦ | 15.00 |
| 10 | 52(1)(ਬੀ) | 3.00 |
| 11 | ਪੁਰਾਣੀਆਂ ਦੇਣਦਾਰਆਂ | 30.00 |
| | ਕੁਲ ਜੋੜ | **368.00** |

ਮਿਤੀ 31/3/2013 ਲਈ ਅੰਤਮ ਬਕਾਇਆ ਰੁਪਏ 60.27 ਲੱਖ ਰੁਪਏ ਨਿਸਚਿਤ ਗਿਆ ਹੈ।

ਕਾਰਜ ਸਾਧਕ ਅਫਸਰ, ਨਗਰ ਕੌਂਸਲ, ਬਟਾਲਾ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2012-13 ਲਈ ਨਿਸਚਿਤ ਕੀਤੀ ਗਈ ਆਮਦਣ ਦੇ ਟੀਚੇ ਨੂੰ ਹਰ ਹਾਲਤ ਵਿੱਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਆਮਦਨ ਦੇ ਸਨਮੁੱਖਤੀ ਕੀਤਾ ਜਾਵੇ । ਸਾਲ ਦੇ ਅੰਤ ਤੇ ਤਜਵੀਜਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ ।

ਸ਼ਰਤਾਂ:

1 ਸਾਲ 2012-13 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਕਾਰਜ ਸਾਧਕ ਅਫ਼ਸਰ ਦੀ ਜ਼ੁੰਮੇਵਾਰੀ ਹੋਵੇਗੀ ।

2 ਨਗਰ ਕੌਂਸਲ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।

3 ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।

4 ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ ।

5 ਕੋਈ ਨਵੀਂ ਅਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ ।

6 ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।

7 ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ ।

8 ਡੇਲੀਵੇਜਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਸੇਸ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।

9 ਕੰਟਰੈਕਟ ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।

10 ਚੰਡੀਗੜ੍ਹ ਵਿਖੇ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਕੌਂਸਲ ਦੀ ਕੁਲ ਆਮਦਨ ਦਾ 1% ਦੀ ਰਾਸੀ ਦਾ ਉਪਬੰਧ ਕੀਤਾ ਜਾਂਦਾ ਹੈ ।

11 ਵਿਕਾਸ : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ । ਹਰ ਹਾਲਤ ਵਿੱਚ ਜੋ ਪੈਸੇ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾ ਅਤੇ ਮਿਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ । ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਕੌਂਸਲ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿੱਚ ਕੀਤਾ ਜਾਵੇ ।

12 ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।

13 ਸਾਲ 2012-13 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।

14 ਕਰਮਚਾਰੀਆ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ, ਜੀ.ਪੀ.ਫੰਡ ਦੀ ਅਦਾਇਗੀ, ਪੈਨਸਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।

15 ਕਰਮਚਾਰੀਆ ਨੂੰ ਕਰਜੇ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸਾ-ਨਿਰਦੇਸਾ ਦੀ ਪਾਲਣਾ ਕੀਤੀ ਜਾਵੇ ।

16 ਸਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ ।

17 ਸਾਲ 2012-13 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿੱਚੋਂ ਸਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।

18 ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜੇਸਨ ਕਰਨ ਲਈ ਬਜਟ ਦੇ ਫੰਡਾਂ ਵਿੱਚੋਂ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬਰਾਂਚਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸਨ ਹਰ ਹਾਲਤ ਵਿੱਚ ਕੀਤੀ ਜਾਵੇ ।

19 ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨੋਟ ਵਿੱਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਉਪ-ਕੰਟਰੋਲਰ (ਵਿੱਤ ਤੇ ਲੇਖਾ)

ਪਿਠ ਅੰਕਣ ਨੰ:ਲੇਖਾ-6-ਉਕਵਲ-ਡਸਸ-12/ ਮਿਤੀ:

ਇਸ ਦਾ ਇੱਕ ਉਤਾਰਾ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਅੰਮ੍ਰਿਤਸਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਉਪ-ਕੰਟਰੋਲਰ (ਵਿੱਤ ਤੇ ਲੇਖਾ)